**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥੋਰਿਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ**

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2272518 | 2624687 | **punjabtrainings2011@gmail.com** |

ਵੱਲ

ਸਮੂਹ ਸਕੂਲ ਮੁਖੀ (ਵੈਬ ਸਾਈਟ ਰਾਹੀਂ)
ਸਰਕਾਰੀ ਮਿਡਲ/ਹਾਈ/ਸੈਕੰਡਰੀ ਸਕੂਲ,
ਪੰਜਾਬ।

**ਮੀਮੋ ਨੰ: ਸਸਅ/ਏਐਸਪੀਡੀ.ਟੀ.ਟੀ/2010/073017**
**ਮਿਤੀ,ਚੰਡੀਗੜ੍ਹ:01.12.2010**

**ਵਿਸ਼ਾ: ਛੇਵੀਂ, ਸੱਤਵੀਂ ਅਤੇ ਅਠਵੀਂ ਜਮਾਤ ਵਿੱਚ ਸਮਾਜਿਕ ਸਿੱਖਿਆ ਦੀ ਵਰਕਬੁੱਕ ਅਤੇ ਚਾਰਟਸ ਦੀ ਵਰਤੋਂ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਮੁੱਖ ਦਫ਼ਤਰ ਵੱਲੋਂ ਜਲਦ ਹੀ ਸਮੂਹ ਮਿਡਲ/ਹਾਈ/ਸੈਕੰਡਰੀ ਸਕੂਲਾਂ ਵਿਖੇ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਸਮਾਜਿਕ ਸਿੱਖਿਆ ਦੀ ਵਰਕਬੁੱਕਸ ਅਤੇ ਫਲੈਸ਼ ਕਾਰਡਜ ਨਾਲ ਸਬੰਧਤ ਚਾਰਟਸ ਮੁਹੱਈਆਂ ਕਰਵਾਏ ਜਾ ਰਹੇ ਹਨ।

2.0 ਸਮਾਜਿਕ ਸਿੱਖਿਆ ਦੇ ਚਾਰਟਸ, ਸ.ਸ. ਅਧਿਆਪਕ ਵੱਲੋਂ ਜਮਾਤਾਂ ਵਿੱਚ ਟੰਗੇ ਜਾਣੇ ਹਨ। ਫਲੈਸ਼ ਕਾਰਡਜ਼ ਦੀ ਵਰਤੋਂ ਕਰਦੇ ਸਮੇਂ ਸਬੰਧਤ ਚਾਰਟਸ ਦੀ ਵਰਤੋਂ ਕੀਤੀ ਜਾਣੀ ਹੈ। ਫਲੈਸ਼ ਕਾਰਡਜ਼ ਵਿੱਚ ਤਸਵੀਰਾਂ ਛੋਟੀਆਂ ਹੋਣ ਕਾਰਨ ਸਬੰਧਤ ਚਾਰਟਸ ਮੁਹੱਈਆਂ ਕਰਵਾਏ ਜਾ ਰਹੇ ਹਨ ਤਾਂ ਜ਼ੋ ਵਿਦਿਆਰਥੀਆਂ ਨੂੰ ਵਿਸ਼ਾ ਹੋਰ ਵੀ ਰੋਚਕ ਅਤੇ ਸਪਸ਼ਟਤਾ ਨਾਲ ਪੜ੍ਹਾਇਆ ਜਾ ਸਕੇ।

3.0 ਮਿਤੀ 01-01-2011 ਤੋਂ ਸਮੂਹ ਸਕੂਲਾਂ ਵਿੱਚ ਦੁਹਰਾਈ ਦਾ ਕੰਮ ਸ਼ੁਰੂ ਕਰਵਾਇਆ ਜਾਣਾ ਹੈ। ਵਿਸ਼ਾ ਅਧੀਨ ਵਰਕਬੁੱਕਸ ਦੀ ਵਰਤੋਂ ਸਲਾਨਾ ਪ੍ਰੀਖਿਆਵਾਂ ਦੀ ਦੁਹਰਾਈ ਕਰਵਾਉਣ ਹਿੱਤ ਕੀਤੀ ਜਾਵੇ।

4.0 ਅਧਿਆਪਕ ਵੱਲੋਂ ਵਿਦਿਆਰਥੀਆਂ ਨੂੰ ਹਫਤੇ ਦੇ ਪਹਿਲੇ ਤਿੰਨ ਦਿਨ ਵਰਕਬੁੱਕ ਦੀ ਵਰਤੋਂ ਕਰਦਿਆਂ ਹੋਇਆਂ ਦੁਹਰਾਈ ਕਰਵਾਈ ਜਾਵੇ। ਧਿਆਨ ਰਹੇ ਕਿ ਇਹਨਾਂ ਦਿਨਾ ਵਿੱਚ ਵਿਦਿਆਰਥੀਆਂ ਵੱਲੋਂ ਸਮਾਜਿਕ

ਸਿੱਖਿਆ ਦੀ ਕਿਤਾਬ ਅਤੇ ਕਾਪੀ ਸਕੂਲ ਵਿਖੇ ਨਾ ਲਿਆਂਦੀ ਜਾਵੇ। ਹਫਤੇ ਦੇ ਚੌਥੇ ਅਤੇ ਪੰਜਵੇਂ ਦਿਨ ਪਾਠਕ੍ਰਮ ਦੇ ਵੱਡੇ ਪ੍ਰਸ਼ਨਾਂ ਦੀ ਦੁਹਰਾਈ ਅਧਿਆਪਕ ਵੱਲੋਂ ਆਪਣੇ ਪੱਧਰ ਤੇ ਕਰਵਾਈ ਜਾਵੇ ।

5.0 ਅਧਿਆਪਕ ਵੱਲੋਂ ਹਫਤੇ ਦੇ ਅਖੀਰੀ ਦਿਨ ( ਸ਼ਨੀਵਾਰ ) ਹਫਤੇ ਵਿੱਚ ਕਰਵਾਏ ਵਰਕਬੁੱਕ ਦੇ ਕੰਮ ਦਾ ਅਤੇ ਵੱਡੇ ਪ੍ਰਸ਼ਨਾ ਦਾ ਟੈਸਟ ਲਿਆ ਜਾਵੇ।

6.0 ਵਰਕਬੁੱਕ ਵਿੱਚ ਦਿੱਤੇ ਨਕਸ਼ਿਆਂ ਨੂੰ ਕਿਸੇ ਹਾਲਤ ਵਿੱਚ ਵੀ ਨਜਰ ਅੰਦਾਜ ਨਾ ਕੀਤਾ ਜਾਵੇ।

7.0 ਵਰਕਬੁੱਕ ਵਿੱਚ ਦਿੱਤੀਆਂ ਗਈਆਂ ਸਾਰੀਆਂ ਗਤੀਵਿਧੀਆਂ ਨੂੰ ਵਿਦਿਆਰਥੀਆਂ ਕੋਲੋ ਪੂਰੀ ਦਿਲਚਸਪੀ ਨਾਲ ਕਰਵਾਇਆ ਜਾਵੇ।

8.0 ਸਲਾਨਾ ਪ੍ਰੀਖਿਆਂ (2010-11 ) ਦਾ ਸਮਾਜਿਕ ਸਿੱਖਿਆ ਵਿਸ਼ੇ ਦਾ ਸੱਠ ਪ੍ਰਤੀਸ਼ਤ (60%) ਪ੍ਰਸ਼ਨ ਪੱਤਰ ਵਰਕਬੁੱਕ ਵਿੱਚ ਦਿੱਤੇ ਵਿਸ਼ਾ-ਵਸਤੂ ਤੇ ਅਧਾਰਿਤ ਹੋਵੇਗਾ।

9.0 ਅਧਿਆਪਕ ਵੱਲੋਂ ਨਿਯਮਤ ਰੂਪ ਵਿੱਚ ਵਰਕਬੁੱਕ ਨੂੰ ਚੈਕ ਕੀਤਾ ਜਾਵੇ। ਨਿਰੀਖਣ ਦੌਰਾਨ ਇਸ ਸਬੰਧੀ ਕਿਸੇ ਕਿਸਮ ਦੀ ਕੋਤਾਹੀ ਪਾਈ ਜਾਣ ਤੇ ਮੁੱਖ ਦਫ਼ਤਰ ਵੱਲੋਂ ਸਕੂਲ ਮੁੱਖੀ /ਅਧਿਆਪਕ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

10.0 ਹੁਕਮਾਂ ਦੀ ਇੰਨ ਬਿੰਨ ਪਾਲਨਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ।**

**ਪਿਠ ਅੰਕਣ ਨੰ: ਸਸਅ/ਏਐਸਪੀਡੀ/ਟੀ.ਟੀ/2010/073018 ਮਿਤੀ:01.12.2010**

ਇਸ ਦਾ ਉਤਾਰਾ ਨੂੰ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.) (Web Site ਰਾਹੀ)
2. ਸਮੂਹ EPDCs ਅਤੇ EMTs (Web Site ਰਾਹੀ)
3 DM (MIS) ਨੂੰ Web site ਤੇ ਪਾਉਣ ਲਈ

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ।**